# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਛੇਵੀਂ ਮੰਜਿਲ ਬਲਾਕ-ਈ ਵਿੱਦਿਆ ਭਵਨ ਪੀ.ਐਸ.ਈ.ਬੀ. ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ

Email : directorscert@punjabeducation.gov.in ਫੋਨ ਨੰ: 0172-2212221


ਵੱਲ: ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ.)

ਪੰਜਾਬ।

ਮੀਮੋ ਨੰ. 776613 ਮਿਤੀ: ਸ.ਅ.ਸ ਨਗਰ;25-03-2025

**ਵਿਸ਼ਾ: ਸੈਸ਼ਨ 2024-25 ਲਈ ਪੰਜਵੀਂ ਜਮਾਤ ਦੇ ਨਤੀਜੇ ਸੰਬਧੀ ਹਦਾਇਤਾਂ।**

ਉਪਰੋਕਤ ਵਿਸ਼ੇ ਅਨੁਸਾਰ ਪੰਜਵੀਂ ਜਮਾਤ ਦਾ ਨਤੀਜਾ ਘੋਸ਼ਿਤ ਕਰਨ ਲਈ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ :

1. ਫੀਲਡ ਵਿੱਚੋਂ ਲਗਾਤਾਰ ਆ ਰਹੀ ਮੰਗ ਅਨੁਸਾਰ ਪੰਜਵੀਂ ਜਮਾਤ ਦੇ ਸਾਲਾਨਾ ਮੁਲਾਂਕਣ ਮਾਰਚ-2025 ਦੇ ਅੰਕ ਈ ਪੰਜਾਬ ਪੋਰਟਲ ਤੇ ਅਪਲੋਡ ਕਰਨ ਦੀ ਮਿਤੀ ਵਿੱਚ **27-03-2025** ਤੱਕ ਵਾਧਾ ਕੀਤਾ ਜਾਂਦਾ ਹੈ।
2. ਮਿਤੀ 31-03-2025 ਨੂੰ ਛੁੱਟੀ ਹੋਣ ਕਾਰਨ ਨਤੀਜਾ ਸਕੂਲ,ਬਲਾਕ ਅਤੇ ਜਿਲ੍ਹਾ ਪੱਧਰ ਤੇ ਮਿਤੀ 29-03-2025 ਨੂੰ ਘੋਸ਼ਿਤ ਕੀਤਾ ਜਾਵੇ ਅਤੇ ਮਾਪੇ ਅਧਿਆਪਕ ਮਿਲਣੀ ਵਿੱਚ ਵਿਦਿਆਰਥੀਆਂ ਦੀ ਕਾਰਜ ਗੁਜ਼ਾਰੀ ਮਾਪਿਆਂ/ਸਰਪ੍ਰਸਤਾਂ ਨਾਲ ਸਾਂਝੀ ਕੀਤੀ ਜਾਵੇ।
3. ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇ।
4. ਕੇਵਲ ਸਾਰੇ ਵਿਸ਼ਿਆਂ ਵਿੱਚ ਗੈਰ ਹਾਜ਼ਰ ਵਿਦਿਆਰਥੀਆਂ ਨੂੰ ਹੀ ਗੈਰਹਾਜ਼ਰ ਕਰਾਰ ਕੀਤਾ ਜਾਵੇ।
5. ਜੇਕਰ ਵਿਦਿਆਰਥੀ ਇੱਕ ਵਿਸ਼ੇ ਵਿੱਚ ਵੀ ਅਪੀਅਰ ਹੋਇਆ ਹੋਵੇ ਤਾਂ ਉਸਨੂੰ ਹੈਲਡ ਕਰਾਰ ਦਿੱਤਾ ਜਾਵੇ।
6. ਹੈਲਡ ਅਤੇ ਗੈਰਹਾਜ਼ਰ ਵਿਦਿਆਰਥੀਆਂ ਨੂੰ ਮਈ,2025 ਵਿੱਚ ਰੀਅਪੀਅਰ ਹੋਣ ਦਾ ਮੌਕਾ ਦਿੱਤਾ ਜਾਵੇਗਾ।
7. ਈ ਪੰਜਾਬ ਪੋਰਟਲ ਤੇ ਡਾਟਾ ਅਪਰੂਵ ਕਰਨ ਤੋਂ ਪਹਿਲਾਂ ਸਾਰਾ ਡਾਟਾ ਧਿਆਨ ਨਾਲ ਚੈੱਕ ਕਰ ਲਿਆ ਜਾਵੇ,ਇੱਕ ਵਾਰ ਅਪਰੂਵ ਕਰਨ ਤੋਂ ਬਾਅਦ ਦੁਬਾਰਾ ਡਾਟਾ ਕਿਸੇ ਵੀ ਸੂਰਤ ਏ ਹਾਲ ਡਿਸਅਪਰੂਵ ਨਹੀਂ ਕੀਤਾ ਜਾਵੇਗਾ।
8. ਗਲਤ ਡਾਟਾ ਅਪਰੂਵ ਕਰਨ ਦੀ ਨਿਰੋਲ ਜਿੰਮੇਵਾਰੀ ਸੰਬਧਤ ਸਕੂਲ ਮੁੱਖੀ ਦੀ ਹੋਵੇਗੀ।
9. ਡਾਟਾ ਅਪਰੂਵ ਕਰਨ ਉਪਰੰਤ ਮਿਤੀ 10-04-2025 ਤੋਂ ਆਨ ਲਾਈਨ ਡਿਜਿਟਲ ਨੰਬਰੀ/ਗਰੇਡ ਕਾਰਡ ਈ ਪੰਜਾਬ ਪੋਰਟਲ ਤੋਂ ਹੀ ਸੰਬਧਤ ਸਕੂਲ ਡਾਊਨਲੋਡ ਕੀਤੀ ਜਾ ਸਕਦੀ ਹੈ।

ਡਾ.ਆਨੰਦ ਗੁਪਤਾ

ਸਹਾਇਕ ਡਾਇਰੈਕਟਰ(ਪ੍ਰੀਖਿਆਵਾਂ)

ਪਿਠਅੰਕਣ ਨੰ. ਉਕਤ ਮਿਤੀ: ਸ.ਅ.ਸ ਨਗਰ;25-03-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ।

1. ਪੀ.ਏ ਟੂ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,ਪੰਜਾਬ।
3. ਰਾਜ ਦੇ ਸਮੂਹ ਸਕੂਲ ਮੁਖੀ(ਸਰਕਾਰੀ/ਗੈਰ ਸਰਕਾਰੀ)

ਸਟੇਟ ਕੋਆਰਡੀਨੇਟਰ(ਪੰਜਵੀਂ)